

# ਨੀਲਮ

## ਇੱਕ ਅਣਮੁੱਲਾ ਹੀਰਾ

www.PunjabiLibrary.com

ਪ੍ਰੀਤ ਸਿੰਘ ਭੈਣੀ

www.PunjabiLibrary.com

# ਨੀਲਮ

## (ਇੱਕ ਅਣਮੁੱਲਾ ਹੀਰਾ)

ਮੈਂ ਜਦੋਂ ਉਸ ਦਾ ਮੂੰਹ ਦੇਖਿਆ ਤਾਂ ਪਛਾਣਿਆ ਨਾ, ਮੇਰੇ ਕੋਲੋਂ ਉਹ ਦੋ ਤਿੰਨ ਵਾਰ ਲੰਘਿਆ। ਫਿਰ ਜਦੋਂ ਮੈਂ ਧਿਆਨ ਦਿੱਤਾ ਤਾਂ ਮੈਨੂੰ ਅਹਿਸਾਸ ਹੋਇਆ ਕਿ ਇਹ ਮੇਰਾ ਮਿੱਤਰ ਮੋਹਨ ਲਾਲ ਹੈ, ਪਰ ਮੈਂ ਉਸ ਨੂੰ ਬੁਲਾਉਣ ਤੋਂ ਝਿਜਕ ਰਹਾ ਸੀ ਕਿਉਂਕਿ ਮੈਨੂੰ ਬਿਲਕੁਲ ਯਕੀਨ ਨਹੀਂ ਸੀ ਹੋ ਰਿਹਾ ਕਿ ਉਹੀ ਬੰਦਾ ਹੈ ਜਿਸ ਨੂੰ ਮੰਗਣਾ ਇੱਕ ਜੁਰਮ ਲੱਗਦਾ ਸੀ। ਸਾਡੇ ਦੋਨਾਂ ਚ' ਕਈ ਵਾਰ ਮੰਗਤਿਆਂ ਨੂੰ ਲੈ ਕੇ ਬਹਿਸ ਬਾਜੀ ਹੋਈ ਸੀ। ਉਹ ਕਦੀ ਵੀ ਮੰਗਤਿਆਂ ਨੂੰ ਦਾਨ ਪੁੰਨ ਕਰਨ ਦੇ ਹੱਕ ਵਿੱਚ ਨਹੀਂ ਸੀ ਹੁੰਦਾ ਤੇ ਨਾ ਹੀ ਉਹ ਗੁਰੂਘਰ ਚੜ੍ਹਾਵੇ ਚ' ਯਕੀਨ ਕਰਦਾ ਸੀ। ਉਸਦੀ ਸੋਚ ਸਭ ਤੋਂ ਅਲੱਗ ਹੁੰਦੀ ਸੀ। ਪਰ ਅੱਜ ਉਸਦੀ ਹਾਲਤ ਦੇਖ ਕੇ ਮੈ ਦੁਬਿਧਾ ਵਿੱਚ ਪੈ ਗਿਆ ਕੀ ਇਹ ਸੱਚ ਮੁੱਚ ਹੀ ਓਹੀ ਮੋਹਨ ਲਾਲ ਹੈ। ਮੈਂ ਉਸਦੇ ਵੱਲ ਦੇਖਦਾ ਰਹਾ, ਅਚਾਨਕ ਉਹ ਮੇਰੇ ਕੋਲ ਆਇਆ ਤੇ ਆਖਿਆ ......

ਮੋਹਨ ਲਾਲ – ਭਾਜੀ ਕੁਝ ਪੈਸੇ ਦੇਦੋ ਭੁੱਖ ਬਹੁਤ ਲੱਗੀ ਆ।

ਉਸ ਦੀ ਇਹ ਮੰਗ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ, ਮੈਂ ਬੜੇ ਜੋਰ ਨਾਲ ਆਪਣੇ ਅੱਥਰੂਆਂ ਨੂੰ ਰੋਕਿਆ। ਮੈਂ ਉਸ ਨੂੰ ਦੱਸਿਆ ਨਹੀਂ ਕਿ ਮੈਂ ਕੌਣ ਹਾਂ। ਬਸ ਮੈਂ ਆਖਿਆ ....

ਮੈਂ – ਭੁੱਖ ਲੱਗੀ ਤਾਂ ਕੁਝ ਖਵਾ ਦਵਾ।

ਉਸ ਨੇ ਇਕ ਨਿਮਾਣੇ ਵਾਂਗ ਹੱਥ ਜੋੜ ਲਏ ਤੇ ਤਰਲੇ ਵਜੋ ਆਖਣ ਲੱਗਾ .....

ਮੋਹਨ ਲਾਲ – ਭਾਜੀ ਬੜੀ ਮਿਹਰਬਾਨੀ ਹੋਵੇਗੀ।

ਮੈਂ ਇਸ ਗੱਲ ਲਈ ਵੀ ਹੈਰਾਨ ਸੀ ਕਿ ਉਸ ਨੇ ਵੀ ਮੈਨੂੰ ਪਛਾਣਿਆ ਨਹੀਂ ਸੀ। ਮੈਂ ਉਸ ਨੂੰ ਨਾਲ ਲੈ ਕੇ ਨਾਲ ਹੀ ਬਣੇ ਇੱਕ ਹੋਟਲ ਅੰਦਰ ਲੈ ਗਿਆ। ਤੇ ਹੋਟਲ ਵਾਲੇ ਨੂੰ ਦੋ ਸਮੋਸੇ ਤੇ ਇਕ ਚਾਹ ਲੈ ਆਉਣ ਲਈ ਕਿਹਾ। ਇਹ ਸਿਰਫ ਉਸ ਦੇ ਖਾਣ ਪੀਣ ਲਈ ਸੀ। ਫਿਰ ਅਸੀਂ ਦੋਵੇਂ ਅੰਦਰ ਜਾ ਕੇ ਇਕ ਲੱਗੇ ਟੇਬਲ ਤੇ ਬੈਠ ਗਏ। ਦਰਅਸਲ ਉਹ ਆਪਣੇ ਪਹਿਰਾਵੇ ਕਾਰਨ ਬੈਠਣ ਤੋਂ ਝਿਜਕ ਰਹਾ ਸੀ, ਕਿਉਂਕਿ ਹੋਟਲ ਵਿੱਚ ਕੰਮ ਕਰਨ ਵਾਲਿਆ ਸਮੇਤ ਬਾਕੀ ਬੈਠੇ ਲੋਕ ਵੀ ਉਸ ਵੱਲ ਹੈਰਾਨੀ ਭਰੀ ਨਜ਼ਰ ਨਾਲ ਦੇਖ ਰਹੇ ਸਨ। ਪਰ ਮੇਰੇ ਕਹਿਣ ਤੇ ਬੈਠ ਗਿਆ। ਉਸ ਨੇ ਗਲ ਇਕ ਪਜਾਮਾ ਕੁੜਤਾ ਪਾਇਆ ਹੋਇਆ ਸੀ, ਉਹ ਦੇਖਣ ਤੋ ਐਨਾ ਪੁਰਾਣਾ ਨਹੀਂ ਸੀ ਲਗਦਾ ਪਰ ਮੈਲਾ ਕਾਫੀ ਸੀ ਜਿਸ ਤੋ ਸਾਫ ਜਾਹਿਰ ਹੁੰਦਾ ਸੀ ਕਿ ਉਸ ਨੇ ਇਹ ਕਾਫੀ ਦਿਨਾਂ ਤੋਂ ਪਾਇਆ ਹੋਵੇ। ਹੋਟਲ ਦੇ ਇਕ ਨੌਕਰ ਨੇ ਚਾਹ ਤੇ ਸਮੋਸੇ ਲਿਆ ਕੇ ਟੇਬਲ ਤੇ ਰੱਖ ਦਿੱਤੇ। ਉਸ ਨੇ ਜਲਦੀ ਨਾਲ ਸਮੋਸਾ ਚੁੱਕਿਆ ਤੇ ਖਾਣਾ ਸੁਰੂ ਕਰ ਦਿੱਤਾ। ਸਮੋਸਾ ਬਹੁਤ ਗਰਮ ਜਾਪਦਾ ਸੀ ਪਰ ਉਸ ਦੀ ਭੁੱਖ ਸਾਹਮਣੇ ਇਹ ਬਿਲਕੁਲ ਗਰਮ ਨਹੀਂ ਸੀ ਲਗ ਰਿਹਾ। ਉਸ ਦੇ ਇੱਕ ਹੱਥ ਸਮੋਸਾ ਸੀ ਤੇ ਦੂਸਰੇ ਹੱਥ ਚਾਹ ਦੀ ਗਿਲਾਸੀ। ਉਹ ਇਕ ਘੁੱਟ ਚਾਹ ਦਾ ਭਰਦਾ ਤੇ ਇਕ ਡੱਕੀ ਸਮੋਸੇ ਨੂੰ ਵੱਢਦਾ। ਜਲਦੀ ਹੀ ਦੋਵੇਂ ਸਮੋਸੇ ਖਾ ਗਿਆ। ਮੈਂ ਉਸ ਨੂੰ ਬਸ ਦੇਖੀ ਜਾ ਰਹਾ ਸੀ। ਮੈਂ ਉਸਨੂੰ ਪੁੱਛਿਆ.....

ਮੈਂ – ਹੋਰ ਖਾਵੇਗਾ?

ਉਸ ਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਨੌਕਰ ਨੂੰ ਆਵਾਜ਼ ਮਾਰੀ ਤੇ ਦੋ ਸਮੋਸੇ ਹੋਰ ਲਿਆਉਣ ਨੂੰ ਕਿਹਾ। ਨੌਕਰ ਕੁਝ ਮਿੰਟਾਂ ਵਿੱਚ ਸਮੋਸੇ ਲੈ ਆਇਆ। ਉਸ ਨੇ ਪਹਿਲਾਂ ਵਾਂਗ ਜਲਦੀ ਨਾਲ ਸਮੋਸੇ ਨੂੰ ਫੜਿਆ ਤੇ ਖਾਣਾ ਸੁਰੂ ਕਰ ਦਿੱਤਾ। ਥੋੜ੍ਹਾ ਜਿਹਾ ਖਾਣ ਪਿੱਛੋਂ ਉਸ ਨੇ ਮੈਨੂੰ ਪੁੱਛਿਆ.....

ਮੋਹਨ ਲਾਲ – ਭਾਜੀ ਤੁਸੀਂ ਨਹੀਂ ਖਾਵੋਗੇ?

ਮੈਂ ਨਾਂਹ ਵਿੱਚ ਸਿਰ ਹਿਲਾਇਆ। ਮੇਰੀ ਨਾਂਹ ਸੁਣਦੇ ਹੀ ਉਸ ਨੇ ਫਿਰ ਖਾਣਾ ਸੁਰੂ ਕਰ ਦਿੱਤਾ। ਜਦੋਂ ਉਸ ਨੇ ਸਮੋਸੇ ਖਾ ਲਏ ਤਾਂ ਮੈਂ ਉਸ ਨੂੰ ਪੁੱਛਿਆ....

ਮੈਂ – ਲੱਗਦਾ ਮੈਨੂੰ ਪਛਾਣਿਆ ਨਹੀਂ ਤੂੰ?

ਉਸ ਨੇ ਮੇਰੇ ਵੱਲ ਦੇਖਿਆ ਤੇ ਸੋਚ ਕੇ ਕਿਹਾ ....

ਮੋਹਨ ਲਾਲ – ਨਹੀਂ ਭਾਜੀ, ਮੈਂ ਨਹੀਂ ਪਛਾਣਿਆ।

ਮੈਂ – ਮੈਂ ਜਗਤਾਰ ਸਿੰਘ ਹਾਂ, ਪਿੰਡ ਉਰਨਾ ਤੋਂ। ਮੋਹਨ ਲਾਲ ਨੇ ਗੌਰ ਨਾਲ ਮੇਰੇ ਵੱਲ ਦੇਖਿਆ ਤੇ ਕੁਝ ਚਿਰ ਸੋਚਣ ਪਿੱਛੋਂ ਆਪਣੀ ਜਗ੍ਹਾ ਤੋਂ ਉਠ ਕੇ ਮੇਰੇ ਵੱਲ ਨੂੰ ਵਧਿਆ। ਮੈਂ ਵੀ ਆਪਣੀ ਜਗ੍ਹਾ ਤੋਂ ਖੜ ਕੇ ਟੇਬਲ ਤੋਂ ਬਾਹਰ ਹੋ ਗਿਆ। ਉਸ ਨੇ ਮੈਨੂੰ ਮੇਰੇ ਦੋਵੇਂ ਮੋਢਿਆਂ ਤੋਂ ਫੜਿਆ ਤੇ ਆਖਿਆ .....

ਮੋਹਨ ਲਾਲ – ਓ ਜਗਤਾਰ ਸਿਆਂ ਕਿਥੇ ਰਹਾ ਐਨਾ ਚਿਰ?

ਐਨਾ ਕਹਿ ਕੇ ਉਹ ਫੁੱਟ ਫੁੱਟ ਕੇ ਰੋਣ ਲੱਗ ਪਿਆ। ਮੈਂ ਉਸਨੂੰ ਸੰਭਾਲਦੇ ਹੋਏ ਛੇਤੀ ਨਾਲ ਗਲ ਨੂੰ ਲਾ ਲਿਆ। ਪਰ ਉਸ ਦਾ ਰੋਣਾ ਬੰਦ ਨਾ ਹੋਇਆ ਸਗੋਂ ਹੋਰ ਉੱਚੀ ਹੋ ਗਿਆ। ਉਸਦੇ ਇਸ ਵਰਤਾਰੇ ਵੱਲ ਸਭ ਲੋਕ ਦੇਖ ਰਹੇ ਸਨ ਤੇ ਮੈਂ ਉਸਨੂੰ ਚੁੱਪ ਕਰਾ ਰਹਾ ਸੀ। ਬੜੇ ਜੋਰ ਨਾਲ ਮੈਂ ਉਸ ਨੂੰ ਚੁੱਪ ਕਰਾਇਆ। ਫਿਰ ਮੈਂ ਹੋਟਲ ਵਾਲੇ ਨੂੰ ਉਸਦੇ ਬਣਦੇ ਪੈਸੇ ਦੇ ਕੇ ਮੋਹਨ ਲਾਲ ਨੂੰ ਲੈ ਕੇ ਬਾਹਰ ਆ ਗਿਆ ਤੇ ਜਲਦੀ ਨਾਲ ਆਪਣੇ ਡਰਾਈਵਰ ਨੂੰ ਆਵਾਜ਼ ਮਾਰੀ। ਉਹ ਜਲਦੀ ਨਾਲ ਗੱਡੀ ਲੈ ਕੇ ਆ ਗਿਆ। ਮੈਂ ਮੋਹਨ ਲਾਲ ਨੂੰ ਗੱਡੀ ਵਿਚ ਬਿਠਾਇਆ ਤੇ ਆਪ ਵੀ ਉਸਦੇ ਨਾਲ ਬੈਠ ਗਿਆ। ਡਰਾਈਵਰ ਨੇ ਗੱਡੀ ਚਾਲੂ ਕੀਤੀ ਤੇ ਅਸੀਂ ਘਰ ਵੱਲ ਨੂੰ ਤੁਰ ਪਏ। ਮੇਰਾ ਘਰ ਸ਼ਹਿਰ ਤੋਂ ਥੋੜ੍ਹਾ ਬਾਹਰ ਸੀ ਜਿੱਥੇ ਜਿਆਦਾ ਆਬਾਦੀ ਨਹੀਂ ਸੀ ਤੇ ਵਿਰਲੇ ਹੀ ਘਰ ਸਨ। ਘਰ ਸ਼ਹਿਰ ਤੋਂ ਬਾਹਰ ਹੋਣ ਕਾਰਨ ਸਾਨੂੰ ਪਹੁੰਚਣ ਵਿੱਚ ਵਕਤ ਲੱਗਣਾ ਸੀ, ਇਸ ਲਈ ਮੈਂ ਮੋਹਨ ਲਾਲ ਨੂੰ ਉਸ ਦੇ ਇਸ ਹਾਲ ਦਾ ਕਾਰਨ ਪੁੱਛਣ ਲੱਗ ਪਿਆ।

ਜਗਤਾਰ – ਕੀ ਗੱਲ ਹੋ ਗਈ ਮੋਹਨ ਭਰਾ, ਇਹ ਕਿਵੇਂ ਦਾ ਹਾਲ ਕਰ ਕੇ ਤੁਰਿਆ ਫਿਰਦਾ ਏ? ਉਹ ਆਪਣੇ ਅੱਥਰੂ ਪੂੰਝਦਾ ਹੋਇਆ ਬੋਲਣ ਲੱਗ ਪਿਆ ..

ਮੋਹਨ – ਜਗਤਾਰ ਸਿਆਂ ਕੀ ਦੱਸਾਂ ਤੈਨੂੰ ਹੁਣ ਮੈਂ, ਸਿਆਣੇ ਆਖਦੇ ਨੇ "ਝੱਗਾ ਚੁੱਕਿਆ ਢਿੱਡ ਆਪਣਾ ਹੀ ਨੰਗਾ ਹੁੰਦਾ ਏ" ਪਰ ਮੇਰੀਆਂ ਇਨ੍ਹਾਂ ਮਜਬੂਰੀਆਂ ਨੇ ਮੈਨੂੰ ਅਰਸ਼ ਤੋਂ ਫਰਸ਼ ਤੇ ਲੈ ਆਂਦਾ ਈ ਓ। ਪਤਾ ਨਹੀਂ ਰੱਬ ਨੇ ਮੈਨੂੰ ਕਿਹੜੇ ਜੁਰਮ ਦੀ ਸਜਾ ਦਿੱਤੀ ਆ।

ਜਗਤਾਰ – ਮੋਹਨ ਵੀਰੇ ਮੈਨੂੰ ਖੁੱਲ ਕੇ ਗੱਲ ਦਸ ਤਾਂ ਜੋ ਮੈਂ ਤੇਰੀ ਮਦਦ ਕਰ ਸਕਾ( ਮੋਹਨ ਲਾਲ ਨੂੰ ਹੌਸਲਾ ਦਿੰਦੇ ਹੋਏ)।

ਮੋਹਨ - ਜਗਤਾਰ ਤੇਰੇ ਪਿੰਡ ਛੱਡਣ ਤੋਂ ਕੁਝ ਚਿਰ ਪਿੱਛੋਂ ਮੇਰਾ ਵਿਆਹ ਹੋ ਗਿਆ, ਰੱਬ ਦੀ ਕਿਰਪਾ ਨਾਲ ਘਰਵਾਲੀ ਚੰਗੀ ਮਿਲ ਗਈ ਉਸ ਨੇ ਮੇਰੇ ਮਾਂ-ਬਾਪੂ ਦੀ ਬਹੁਤ ਸੇਵਾ ਕੀਤੀ। ਘਰ ਨੂੰ ਭਾਗ ਵੀ ਲੱਗ ਗਏ ਦੋ ਮੁੰਡੇ ਤੇ ਇੱਕ ਬਹੁਤ ਹੀ ਪਿਆਰੀ ਧੀ ਹੋਈ, ਵੱਡੇ ਮੁੰਡੇ ਦਾ ਨਾਮ  ਰਜਿੰਦਰ ਤੇ ਛੋਟੇ ਦਾ ਨਾਮ ਗੋਪਾਲ ਰੱਖਿਆ।ਵੈਸੇ ਤੇ ਤਿੰਨੇ ਬੱਚੇ ਬਹੁਤ ਪਿਆਰੇ ਸੀ ਪਰ ਸਾਰਿਆਂ ਨਾਲੋਂ ਸੋਹਣੀ ਤੇ ਮੇਰੇ ਜਿਗਰ ਦਾ ਟੁਕੜਾ ਮੇਰੀ ਧੀ ਨੀਲਮ ਸੀ। ਤੇ ਅੱਜ ਵੀ ਉਹ ਮੇਰੇ ਲਈ ਸਭ ਤੋਂ ਪਿਆਰੀ ਏ। ਮੈਂ ਆਪਣੇ ਕੰਮ ਕਾਰ ਵਿਚ ਵਿਅਸਤ ਰਿਹਾ ਸਮਾਂ ਲੰਗਦਾ ਗਿਆ ਬੱਚੇ ਪੜ ਲਿਖ ਕੇ ਜਵਾਨ ਹੋ ਗਏ।ਥੋੜੇ ਸਮੇਂ ਪਿੱਛੋਂ ਮਾਂ-ਬਾਪੂ ਵੀ ਚਲਾਣਾ ਕਰ ਗਏ। ਤੇ ਬੱਚੇ ਉਚੇਰੀ ਪੜਾਈ ਕਰਨ ਲਈ ਕਾਲਜ ਪੈ ਗਏ ਦੋਨੋ ਮੁੰਡੇ ਇਕੱਠੇ ਹੀ ਇੱਕੋ ਕਾਲਜ ਪੜਦੇ ਸਨ।ਨੀਲਮ ਦਸਵੀਂ ਕਰਨ ਪਿੱਛੋਂ ਆਪਣੇ ਨਾਨਕੇ ਚਲੀ ਗਈ। ਨਾਨਕੇ ਉਸਦੇ ਚੰਗੇ ਨੇ, ਰਾਣੀ (ਮੋਹਨ ਦੀ ਘਰਵਾਲੀ) ਦਾ ਭਰਾ ਪੁਲਿਸ ਵਿਚ ਥਾਣੇਦਾਰ ਹੈ। ਸ਼ਹਿਰ ਵਿਚ ਰਹਿਣ ਕਾਰਨ ਉਹ ਬੜਾ ਹੀ ਸਮਝਦਾਰ ਤੇ ਪੜਿਆ ਲਿਖਿਆ ਪਰਿਵਾਰ ਹੈ।ਉਹ ਨੀਲਮ ਨਾਲ ਬਹੁਤ ਪਿਆਰ ਕਰਦੇ ਸਨ ਇਸ ਲਈ ਨੀਲਮ ਨੂੰ ਆਪਣੇ ਨਾਲ ਸ਼ਹਿਰ ਲੈ ਗਏ। ਮੁੰਡੇ ਦੋਵੇਂ ਹੀ ਕਾਲਜ ਵਿਚ ਹੀ ਹੋਸਟਲ ਵਿਚ ਰਹਿਣ ਲੱਗ ਪਏ, ਬਸ ਮੈਂ ਤੇ ਰਾਣੀ ਹੀ ਪਿੰਡ ਰਹਿੰਦੇ ਸਾਂ। ਜ਼ਿੰਦਗੀ ਬੜੀ ਸੋਹਣੀ ਸੀ।

ਇਹ ਸਭ ਗੱਲਾਂ ਜਗਤਾਰ ਧਿਆਨ ਨਾਲ ਸੁਣ ਰਿਹਾ ਸੀ, ਮੋਹਨ ਲਾਲ ਨੂੰ ਟੋਕਦੇ ਉਹ ਬੋਲਿਆ ....

ਜਗਤਾਰ - ਮੋਹਨ ਯਾਰ ਤੂੰ ਤਾਂ ਲਿਖਦਾ ਬਹੁਤ ਸੋਹਣਾ ਸੀ, ਮੈਨੂੰ ਯਾਦ ਹੈ ਤੇਰੀਆਂ ਕਹਾਣੀਆਂ ਦੂਰ ਦੁਰਾਡੇ ਪਿੰਡ ਤੱਕ ਮਸ਼ਹੂਰ ਸਨ। ਤੇਰੀਆਂ ਕਹਾਣੀਆਂ ਪੜ ਪੜ ਕੇ ਤਾਂ ਅਸੀਂ ਜ਼ਿੰਦਗੀ ਨੂੰ ਜੀਣਾ ਸਿੱਖਿਆ ਏ।

ਮੋਹਨ ਲਾਲ ਜਗਤਾਰ ਦੇ ਬੋਲ ਸੁਣ ਕੇ ਥੋੜਾ ਜਿਹਾ ਹਿਣਕਦਾ ਹੋਇਆ ਹੱਸਦਾ ਬੋਲਿਆ। ਇਹ ਹਾਸਾ ਨਹੀਂ ਸੀ ਬਸ ਇਹ ਤਾਂ ਜਗਤਾਰ ਸਿੰਘ ਨੂੰ ਟੋਕਣ ਦਾ ਹੁੰਗਾਰਾ ਸੀ...

ਮੋਹਨ ਲਾਲ - ਕਾਹਦੀਆਂ ਕਹਾਣੀਆਂ ਬਾਈ ... ਲੋਕਾਂ ਨੂੰ ਸਮਝਾਉਣਾ ਤਾਂ ਸੌਖਾ ਆ, ਕਿਸੇ ਦੀਆਂ ਗੱਲਾਂ ਸੁਣ ਕੇ ਜਾ ਜ਼ਿੰਦਗੀ ਨੂੰ ਦੇਖ ਕੇ ਬਿਆਨ ਦੇਣੇ ਸੋਖੇ ਨੇ ਤੇ ਓਨਾ ਹੀ ਸੌਖਾ ਵਾ ਓਹਨਾ ਲੋਕਾਂ ਦੀਆਂ ਕਹਾਣੀਆਂ ਲਿਖਣੀਆਂ। ਪਰ ਜਦੋਂ ਓਹੀ ਹਾਲਾਤ ਆਪਣੇ ਤੇ ਬਣ ਜਾਂਦੇ ਨੇ ਤੇ ਜੀਣਾ ਵੀ ਔਖਾ ਹੋ ਜਾਂਦਾ ਏ।

ਜਗਤਾਰ - ਗੱਲ ਤਾਂ ਤੇਰੀ ਸਹੀ ਵਾ ਮੋਹਨ ਵੀਰੇ ਪਰ ਕਿਸੇ ਦੇ ਦੁੱਖ-ਸੁੱਖ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਵੀ ਸੌਖਾ ਨਹੀਂ। ਤੇ ਤੇਰੇ ਨਾਲੋਂ ਵਧੀਆ ਉਹ ਕੋਈ ਨਹੀਂ ਸੀ ਕਰ ਸਕਦਾ। ਚੱਲ ਕੋਈ ਨਾ ਤੂੰ ਦਸ ਐਥੋਂ ਤੱਕ ਕਿਵੇਂ ਪੁੱਜਾ ?

ਜਗਤਾਰ ਸਿੰਘ ਦੀ ਇਹ ਗੱਲ ਸੁਣ ਕੇ ਮੋਹਨ ਲਾਲ ਫਿਰ ਤੋਂ ਆਪਣੀ ਗੱਲ ਸੁਣਾਉਣ ਲੱਗ ਪਿਆ।

ਮੋਹਨ ਲਾਲ - ਸਮਾਂ ਲੰਘਦਾ ਗਿਆ ਦੋਵੇਂ ਮੁੰਡੇ ਹਰ ਮਹੀਨੇ ਖ਼ਰਚਾ ਲੈਣ ਆਉਂਦੇ ਰਹਿੰਦੇ, ਮੈਂ ਸੋਚਦਾ ਰਿਹਾ ਕਿ ਸ਼ਹਿਰ ਦੀ ਪੜਾਈ ਦਾ ਖ਼ਰਚਾ ਜ਼ਰੂਰ ਵੱਧ ਹੋਵੇਗਾ । ਮੈਂ ਜਿੱਥੋਂ ਕਿਤੋਂ ਵੀ ਓਹਨਾ ਨੂੰ ਪੈਸੇ ਕਰ ਕੇ ਦੇ ਦੇਣੇ। ਆੜਤ ਤਾਂ ਬਸ ਨਾਂ ਦੀ ਹੀ ਰਹਿ ਗਈ। ਜਦੋਂ ਤੱਕ ਬਾਪੂ ਜਿਉਂਦਾ ਰਿਹਾ ਆੜਤ ਚੰਗੀ ਚਲਦੀ ਸੀ ਪਰ ਬਾਪੂ ਦੇ ਗੁਜਰਨ ਪਿੱਛੋਂ ਹਾਲ ਮੰਦਾ ਹੁੰਦਾ ਗਿਆ । ਕੋਈ ਵੀ ਲੋੜ ਵੰਦ ਆ ਕੇ ਲੋੜ ਅਨੁਸਾਰ ਪੈਸੇ ਲੈ ਜਾਂਦਾ ਸੀ ਪਰ ਮੈਂ ਕਦੇ ਕਿਸੇ ਨਾਲ ਲਿਖ-ਲਿਖਾ ਨਹੀਂ ਸੀ ਕੀਤਾ, ਪਹਿਲਾ-ਪਹਿਲਾ ਤਾਂ ਲੋਕਾਂ ਨੇ ਪੈਸੇ ਮੋੜ ਦਿੱਤੇ ਪਰ ਫਿਰ ਕਿਸੇ ਨੇ ਮੋੜਨੇ ਸਹੀ ਨਾ ਸਮਝੇ।ਹੋਲੀ ਹੋਲੀ ਲੋਕਾਂ ਨੇ ਆੜਤ ਤੇ ਵੀ ਆਉਣਾ ਬੰਦ ਕਰ ਦਿੱਤਾ, ਲੋਕ ਬਹਾਨੇ ਨਾਲ ਪੈਸੇ ਲੈ ਤਾਂ ਜਾਂਦੇ ਪਰ ਮੋੜਦਾ ਕੋਈ ਵਿਰਲਾ ਹੀ ਸੀ। ਮੈਂ ਵੀ ਕਦੇ ਕਿਸੇ ਨੂੰ ਮਜ਼ਬੂਰ ਨਾ ਕੀਤਾ ਤੇ ਸੋਚਦਾ ਰਿਹਾ ਕਿ ਕੀ ਪਤਾ ਜੋ ਪੈਸੇ ਉਧਾਰ ਮੰਗਣ ਆਇਆ ਉਹ ਕਿੰਨਾ ਕੁ ਲੋੜ ਵੰਦ ਹੋਵੇਗਾ, ਇਸ ਲਈ ਲਿਖ਼ਤ ਪੜ੍ਹਤ ਕਰਨਾ ਵੀ ਮੈਂ ਜ਼ਰੂਰੀ ਨਾ ਸਮਝਿਆ। ਪਰ ਲੋਕਾਂ ਨੇ ਮੇਰੀ ਇਸ ਆਦਤ ਦਾ ਨਾਜਾਇਜ ਫਾਇਦਾ ਚੁਕਿਆ। ਇੱਕ ਪਾਸੇ ਆੜਤ ਵਿੱਚ ਘਾਟਾ ਤੇ ਦੂਜੇ ਪਾਸੇ ਬੱਚਿਆਂ ਦੀ ਪੜਾਈ ਦਾ ਖ਼ਰਚਾ ਮੈਂ ਦਾਨ ਕਰਦਾ ਕਰਦਾ ਮੰਗਣ ਤਕ ਆ ਗਿਆ। ਪਰ ਕਦੇ ਮੈਂ ਸੀ.. ਨਾ ਕੀਤੀ ਕਿ ਇੱਕ ਦਿਨ ਮੇਰੇ ਬੱਚੇ ਮੇਰੀ ਕੀਤੀ ਮੇਹਨਤ ਦਾ ਮੁੱਲ ਪਾਉਣਗੇ। ਪਰ ਹਾਲਾਤ ਵਸ ਤੋਂ ਬਾਹਰ ਉਦੋਂ ਹੋ ਗਏ ਜਦੋਂ ਮੇਰਾ ਵੱਡਾ ਮੁੰਡਾ ਰਜਿੰਦਰ ਆਪਣੇ ਕਾਲਜ ਤੋਂ ਇੱਕ ਨਾਲ ਪੜਦੀ ਕੁੜੀ ਨੂੰ ਵਿਆਹ ਕੇ ਘਰ ਲਈ ਆਇਆ। ਪਰ ਮੈਂ ਸੋਚਿਆ ਕੋਈ ਨਾ ਨਵਾਂ ਜ਼ਮਾਨਾ ਹੈ ਕੋਈ ਗੱਲ ਨੀ।

ਖਰਚ ਵੱਧਦੇ ਗਏ ਤੇ ਆਮਦਨੀ ਨਾ ਮਾਤਰ ਸੀ। ਅਜੇ ਵੱਡੇ ਦੇ ਵਿਆਹ ਨੂੰ ਦੋ ਮਹੀਨੇ ਵੀ ਨਹੀਂ ਸਨ ਹੋਏ ਕਿ ਨਿੱਕਾ ਵੀ ਵੱਡੀ ਨੂੰਹ ਰਾਣੀ ਦੀ ਭੈਣ ਵਿਆਹ ਕੇ ਲੈ ਆਇਆ। ਦੋਵੇਂ ਮੁੰਡੇ ਤਾਂ ਕੋਈ ਕੰਮ ਕਰਦੇ ਨਹੀਂ ਸੀ ਤੇ ਉਪਰੋਂ ਮੇਰੇ ਸਿਰ ਦਾ ਬੋਜ ਹੋਰ ਵਧਾ ਦਿੱਤਾ। ਦੋਵੇਂ ਨੂੰਹਾਂ ਸ਼ਹਿਰੀ ਹੋਣ ਕਰਕੇ ਘਰ ਦੇ ਕੰਮ ਕਾਰ ਨੂੰ ਹੱਥ ਵੀ ਨਾ ਲਾਉਂਦੀਆਂ । ਘਰ ਦਾ ਸਾਰਾ ਕੰਮ ਬਸ ਵਿਚਾਰੀ ਰਾਣੀ ਹੀ ਕਰਦੀ। ਜਿਵੇਂ ਕਿਵੇਂ ਅਸੀਂ ਵਖਤ ਲੰਘਾ ਰਹੇ ਸਾਂ, ਮੇਰੇ ਦਿੱਲ ਵਿੱਚ ਹਜ਼ਾਰਾਂ ਦੁੱਖ ਹੋਣ ਦੇ ਬਾਵਜੂਦ ਵੀ ਮੈਂ ਕਦੇ ਮੱਥੇ ਤੇ ਤ੍ਰੇੜੀ ਨਹੀਂ ਸੀ ਲਿਆਂਦੀ ਕਿ ਕਦੇ ਤਾਂ ਰੱਬ ਚੰਗੇ ਦਿਨ ਲਿਆਵੇਗਾ। ਪਰ ਚੰਗੇ ਆਉਣ ਨਾਲੋਂ ਹਾਲਤ ਹੋਰ ਖਰਾਬ ਹੋ ਰਹੀ ਸੀ। ਕੁਝ ਕੁ ਸਮਾਂ ਲੰਘਣ ਤੇ ਇੱਕ ਦਿਨ ਰਾਣੀ ਨੂੰ ਧੁੱਪੇ ਕੰਮ ਕਰਦਿਆਂ ਦੌਰਾ ਪੈ ਗਿਆ। ਡਾਕਟਰ ਕੋਲ ਪੁੱਜਣ ਤੋਂ ਪਹਿਲਾਂ ਹੀ ਰਾਣੀ ਪੂਰੀ ਹੋ ਗਈ। ਮੈਨੂੰ ਕਿਤੇ ਵੀ ਥਾਂ ਨਹੀਂ ਸੀ ਮਿੱਲ ਰਹੀ। ਉਸਦੀ ਮੌਤ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਦਮਾ ਸੀ। ਪਰ ਮੇਰੇ ਕੋਲ ਦੁੱਖ ਫਰੋਲਣ ਲਈ ਕੋਈ ਹਾਣੀ ਨਹੀਂ ਸੀ।

ਮੈਂ ਦਿਲ ਤੋਂ ਕਮਜ਼ੋਰ ਹੁੰਦਾ ਗਿਆ, ਪਰ ਕਦੇ ਜ਼ਾਹਿਰ ਨਾ ਕਰ ਸਕਿਆ। ਇੱਕ ਦਿਨ ਰਾਣੀ ਦਾ ਭਰਾ ਆਇਆ ਤੇ ਉਸ ਨੇ ਦੱਸਿਆ ਕਿ ਮੇਰੀ ਧੀ ਨੀਲਮ ਦਾ ਵਿਆਹ ਹੋ ਗਿਆ ਹੈ। ਮੁੰਡਾ ਨੀਲਮ ਦੇ ਨਾਲ ਹੀ ਕਾਲਜ ਵਿੱਚ ਪੜਦਾ ਸੀ ਤੇ ਉਸ ਨੇ ਨੀਲਮ ਨੂੰ ਉਸ ਨਾਲ ਵਿਆਹ ਕਰਵਾਉਣ ਲਈ ਕਿਹਾ ਤੇ ਨੀਲਮ ਨੇ ਸਾਫ ਮਨਾ ਕਰ ਦਿੱਤਾ, ਪਰ ਮੁੰਡਾ ਖ਼ੁੱਦ ਸਾਡੇ ਘਰ ਦਾ ਪਤਾ ਕਰ ਕੇ ਆਪਣੀ ਮਾਂ ਨੂੰ ਨਾਲ ਲੈ ਸਾਡੇ ਘਰ ਆ ਗਿਆ। ਮੁੰਡਾ ਚੰਗੇ ਪਰਿਵਾਰ ਤੋਂ ਸੀ ਮੈਂ ਦੇਰੀ

ਕਰਨੀ ਸਹੀ ਨਾ ਸਮਝੀ ਤੇ ਇੱਕ ਚੰਗਾ ਰਿਸ਼ਤਾ ਸਮਝ ਕੇ ਜਲਦੀ ਹੀ ਚੁੰਨੀ ਚੜਾਵਾ ਕਰ ਦਿੱਤਾ। ਨੀਲਮ ਦੇ ਮਾਮੇ ਦੇ ਮੂੰਹੋ ਇਹ ਖਬਰ ਸੁਣ ਕੇ ਮੈਂ ਖੁਸ਼ ਤਾਂ ਬਹੁਤ ਹੋਇਆ ਪਰ ਮੈਨੂੰ ਦੁੱਖ ਵੀ ਸੀ ਜੋ ਮੈਂ ਆਪਣੀ ਧੀ ਦਾ ਆਪਣੇ ਹੱਥੀ ਵਿਆਹ ਨਾ ਕਰਾ ਸਕਿਆ। ਸਭ ਤੋਂ ਜਿਆਦਾ ਦੁੱਖ ਮੈਨੂੰ ਇਸ ਗੱਲ ਦਾ ਸੀ ਕਿ ਮੈਂ ਆਪਣੇ ਕਿਸੇ ਵੀ ਧੀ ਪੁੱਤਰ ਦਾ ਵਿਆਹ ਆਪਣੇ ਹੱਥੀ ਨਹੀਂ ਸੀ ਕੀਤਾ। ਸਭ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੇ ਸੌ ਸੁਪਨੇ ਹੁੰਦੇ ਨੇ, ਓਹਨਾ ਦੇ ਮਨ ਵਿੱਚ ਕਈ ਰੀਝਾਂ ਹੁੰਦਿਆਂ ਨੇ ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹ ਮੇਰੇ ਨਸੀਬ ਵਿੱਚ ਬਿਲਕੁਲ ਨਹੀਂ ਸੀ। ਕੁਝ ਸਮੇ ਪਿੱਛੋਂ ਰਾਣੀ ਦਾ ਭਰਾ ਚਲਾ ਗਿਆ। ਰਾਣੀ ਦੇ ਮਰਨ ਪਿੱਛੋਂ ਘਰ ਦਾ ਸਾਰਾ ਕੰਮ ਮੈਨੂੰ ਹੀ ਕਰਨਾ ਪੈਂਦਾ ਸੀ। ਮੇਰੇ ਪੁੱਤਰਾਂ ਜਾਂ ਨੂੰਹਾਂ ਚੋ ਕਿਸੇ ਨੇ ਤੀਲ੍ਹਾ ਨਹੀਂ ਸੀ ਭੰਨਿਆ। ਉੱਤੋਂ ਘਰੇ ਕੋਈ ਨਵੇਂ ਤੋਂ ਨਵਾਂ ਪ੍ਰਾਹੁਣਾ ਆਉਂਦਾ ਸੀ ਕਦੇ ਨੂੰਹਾਂ ਦੇ ਸਬੰਧੀਆਂ ਪਾਸੋ ਤੇ ਕਦੇ ਮੇਰੇ ਮੁੰਡਿਆਂ ਦੇ ਯਾਰ। ਮੈਂ ਆਪਣੇ ਘਰ ਵਿੱਚ ਇੱਕ ਨੌਕਰ ਜਿਆਦਾ ਤੇ ਮਾਲਕ ਘਟ ਅਨੁਭਵ ਕਰਦਾ ਸੀ। ਇੱਕ ਦਿਨ ਵੱਡਾ ਮੁੰਡਾ ਕਿਸੇ ਏਜੇਂਟ ਨੂੰ ਘਰ ਲੈ ਕੇ ਆਇਆ ਉਸ ਨੇ ਪਤਾ ਨਹੀਂ ਕਿੰਨੇ ਪੈਸਿਆਂ ਵਿੱਚ ਉਸ ਨਾਲ ਦੂਜੇ ਮੁਲਖ ਜਾਣ ਬਾਰੇ ਗੱਲ ਕੀਤੀ। ਮੇਰੇ ਤਰਲੇ ਪਾ ਕੇ ਜਮਾ ਕੀਤੀ ਸਾਰੀ ਨਗਦੀ ਤੇ ਮੇਰੀ ਵਸੀਅਤ ਕਿਸੇ ਨੂੰ ਗਹਿਣੇ ਪਾ ਕੇ ਕੁਝ ਦਿਨਾਂ ਪਿੱਛੋਂ ਉਹ ਤੇ ਉਸਦੀ ਘਰਵਾਲੀ ਦੂਜੇ ਮੁਲਖ ਜਾ ਪੁੱਜੇ। ਉਸ ਤੋਂ ਦੋ ਕੁ ਮਹੀਨਿਆਂ ਬਾਦ ਓਹਨਾ ਨਿੱਕੇ ਮੁੰਡੇ ਤੇ ਉਸਦਾ ਘਰਵਾਲੀ ਨੂੰ ਵੀ ਓਥੇ ਬੁਲਾ ਲਿਆ। ਮੈਨੂੰ ਆਖ ਗਏ ਕਿ ਉਹ ਓਥੋਂ ਪੈਸੇ ਭੇਜਣਗੇ ਤੇ ਸਾਰਾ ਕਰਜਾ ਲਵਾਦੇਣਗੇ। ਮੈਨੂੰ ਪਤਾ ਸੀ ਕਿ ਇਹਨਾਂ ਪਿੱਛੇ ਮੁੜ ਕੇ ਨਹੀਂ ਦੇਖਣਾ ਪਰ ਇਹ ਜਾਣਦੇ ਹੋਏ ਵੀ ਮੈਂ ਦਿਲ ਤੇ ਪੱਥਰ ਰੱਖ ਲਿਆ। ਓਹਨਾ ਜਾਣ ਪਿੱਛੋਂ ਇੱਕ ਸਾਲ ਗੁਜਰਿਆ ਤੇ ਫਿਰ ਦੂਜਾ ਪਰ ਓਹਨਾ ਨਾ ਤਾਂ ਪੈਸੇ ਭੇਜੇ ਤੇ ਨਾ ਹੀ ਆਪ ਆਏ। ਪਰ ਬੈਂਕ ਵਾਲੇ ਜ਼ਰੂਰ ਆਏ ਓਹਨਾ ਮੈਨੂੰ ਘਰੋਂ ਬਾਹਰ ਕੱਢ ਦਿੱਤਾ ਤੇ ਘਰ ਤੇ ਕਬਜਾ ਕਰ ਲਿਆ। ਪਿੰਡ ਦੇ ਕਿਸੇ ਬੰਦੇ ਨੇ ਮੈਨੂੰ ਸਹਾਰਾ ਨਾ ਦਿੱਤਾ।

ਮੈਂ ਗੁਰੂਘਰ ਜਾਣਾ ਵੀ ਸਹੀ ਨਾ ਸਮਝਿਆ ਕਿਉਂਕਿ ਮੈਂ ਅਜੇ ਤਕ ਗੁਰੂਘਰ ਧੇਲਾ ਵੀ ਨਹੀਂ ਸੀ ਦਿੱਤਾ। ਪਰ ਮੇਰੇ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ ਰਿਹਾ। ਥੱਕ ਹਾਰ ਕੇ ਮੈਂ ਪ੍ਰਮਾਤਮਾ ਤੋਂ ਮੁਆਫੀ ਮੰਗੀ ਤੇ ਓਥੇ ਰਹਿ ਕੇ ਸੇਵਾ ਕਰਨ ਲੱਗ ਪਿਆ। ਤਕਰੀਬਨ ਦੋਵਾਂ ਕੁ ਮਹੀਨਿਆਂ ਬਾਅਦ ਕੋਈ ਕੁੜੀ ਇੱਕ ਗੱਡੀ ਤੇ ਮੇਰਾ ਪਤਾ ਕਰਦੀ ਹੋਈ ਗੁਰੂਘਰ ਪੁੱਜੀ। ਮੈਂ ਉਸ ਨੂੰ ਬਿਲਕੁਲ ਨਾ ਪਛਾਣਿਆ। ਜਦੋਂ ਉਸ ਨੇ ਮੈਨੂੰ ਪਾਪਾ ਕਹਿ ਕੇ ਬੁਲਾਇਆ ਤੇ ਮੈਨੂੰ ਅਹਿਸਾਸ ਹੋਇਆ ਕਿ ਇਹ ਤਾਂ ਮੇਰੀ ਧੀ ਨੀਲਮ ਆ। ਮੇਰੀਆਂ ਅੱਖਾਂ ਚੋ' ਅੱਥਰੂ ਵਹਿਣ ਲੱਗ ਪਏ ਉਸ ਨੇ ਮੈਨੂੰ ਘੁੱਟ ਕੇ ਗੱਲ ਨਾਲ ਲਾਇਆ ਤੇ ਇੰਝ ਪਿਆਰ ਕੀਤਾ ਜਿਵੇਂ ਇੱਕ ਮਾਂ ਆਪਣੇ ਬੱਚੇ ਨਾਲ ਕਰ ਰਹੀ ਹੋਵੇ। ਮੇਰੇ ਅੱਥਰੂਆਂ ਦਾ ਕੋਈ ਹਿਸਾਬ ਨਹੀਂ ਸੀ ਉਸ ਵਕਤ । ਇਹ ਅੱਥਰੂ ਸਨ ਮੇਰੇ ਮੁੰਡਿਆਂ ਦੇ ਮੇਰੇ ਨਾਲ ਕੀਤੇ ਗਏ ਧੋਖੇ ਦੇ, ਮੇਰੇ ਪਿਆਰ ਦਾ ਮੁੱਲ ਨਾ ਪਾਉਣ ਦੇ, ਇਹ ਅੱਥਰੂ ਸਨ ਰਾਣੀ ਦੀ ਮੌਤ ਦੇ, ਇਹ ਅੱਥਰੂ ਸਨ ਹਰ ਉਸ ਦਰਦ ਲਈ ਜੋ ਮੈਂ ਹੱਸਦੇ ਹੋਏ ਕਬੂਲ ਕੀਤੀ ਸੀ, ਇਹ ਅੱਥਰੂ ਸਨ ਇੱਕ ਬਾਪ ਦਾ ਆਪਣੀ ਧੀ ਨਾਲ ਵਿਯੋਗ ਦੇ ਤੇ ਮਿਲਾਪ ਦੇ। ਦਰਅਸਲ ਮੈਨੂੰ ਕੋਈ ਹਿਸਾਬ ਨਹੀਂ ਸੀ ਕਿ ਮੈਂ ਰੋ ਕਿਉਂ ਰਿਹਾ ਹਾਂ। ਮੇਰੇ ਨਾਲ ਮੇਰੀ ਧੀ ਵੀ ਰੋ ਰਹੀ ਸੀ। ਸਾਡੇ ਆਸੇ-ਪਾਸੇ ਇੱਕ ਅਲਗ ਤਰ੍ਹਾਂ ਦਾ ਮਾਹੌਲ ਬਣ ਗਿਆ ਸੀ। ਫਿਰ ਅਚਾਨਕ ਇੱਕ ਨੌਜਵਾਨ ਸਰਦਾਰ ਆਇਆ ਤੇ ਉਸ ਨੇ ਨੀਲਮ ਨੂੰ ਤੇ ਮੈਨੂੰ ਚੁੱਪ ਕਰਾਇਆ, ਤੇ ਨੀਲਮ ਨੂੰ ਮੈਨੂੰ ਨਾਲ ਲੈ ਕੇ ਗੱਡੀ ਵਿੱਚ ਬੈਠਣ ਨੂੰ ਕਿਹਾ। ਨੀਲਮ ਮੈਨੂੰ ਨਾਲ ਲੈ ਕੇ ਗੱਡੀ ਦੀ ਪਿਛਲੀ ਸ਼ੀਟ ਤੇ ਬੈਠ ਗਈ ਤੇ ਉਹ ਸਰਦਾਰ ਜਿਸਨੇ ਸਾਨੂੰ ਚੁੱਪ ਕਰਾਇਆ ਸੀ ਉਹ ਗੱਡੀ ਚਲਾਉਣ ਲੱਗ ਪਿਆ। ਮੈਂ ਉਸ ਵੇਲੇ ਉਸ ਸਰਦਾਰ ਵੱਲ ਬਹੁਤ ਧਿਆਨ ਨਾ ਦਿੱਤਾ। ਸਾਰਾ ਰਸਤਾ ਮੈਂ ਆਪਣੀ ਧੀ ਦੀ ਗੋਦ ਵਿੱਚ ਸਿਰ ਰੱਖ ਕੇ ਰੋਂਦਾ ਆਇਆ ਤੇ ਉਹ ਮੈਨੂੰ ਆਪਣੇ ਇੱਕ ਬੱਚੇ ਵਾਰ ਪਿਆਰ ਕਰਦੀ ਆਈ। ਪਰ ਮੈਂ ਨਹੀਂ ਸੀ ਚਾਹੁੰਦਾ ਕਿ ਇਹ ਸਫ਼ਰ ਕਦੀ ਖ਼ਤਮ ਹੋਵੇ। ਮੈਨੂੰ ਨਹੀਂ ਸੀ ਖਬਰ ਕੇ ਅਸੀਂ ਕਿੱਥੇ ਜਾ ਰਹੇ ਹਾਂ ਤੇ ਨਾ ਹੀ ਮੈਨੂੰ ਰਾਹਾਂ ਬਾਰੇ ਪਤਾ ਲੱਗਾ ਪਰ ਕੁਝ ਦੇਰ ਪਿੱਛੋਂ ਅਸੀਂ ਇੱਕ ਘਰ ਪੁੱਜ ਗਏ। ਉਹ ਸਰਦਾਰ ਨੇ ਗੱਡੀ ਰੋਕੀ ਤੇ ਜਲਦੀ ਨਾਲ ਉੱਤਰ ਕੇ ਗੱਡੀ ਦੀ ਪਿਛਲੀ ਬਾਰੀ ਖੋਲੀ ਫਿਰ ਨੀਲਮ ਤੇ ਸਰਦਾਰ ਮੈਨੂੰ ਅੰਦਰ ਲੈ ਗਏ। ਸਰਦਾਰ ਨੇ ਇੱਕ ਨੌਕਰ ਨੂੰ ਆਵਾਜ਼ ਮਾਰੀ.....

ਸਰਦਾਰ - ਰਾਮੇ ਪਾਣੀ ਲੈ ਕੇ ਆ।

ਫਿਰ ਜਲਦੀ ਨਾਲ ਇੱਕ ਨੌਕਰ ਤਿੰਨ ਗਿਲਾਸ ਪਾਣੀ ਲੈ ਕੇ ਆਇਆ। ਅਸੀਂ ਬਹੁਤ ਹੀ ਸੋਹਣੇ ਸੋਫਿਆਂ ਤੇ ਬੈਠ ਗਏ। ਮੈਨੂੰ ਖਾਸ ਮਾਲੂਮ ਹੁੰਦਾ ਸੀ ਕਿ ਇਹ ਕਿਸੇ ਚੰਗੇ ਸਾਹੂਕਾਰ ਦਾ ਘਰ ਹੈ। ਨੀਲਮ ਨੇ ਇੱਕ ਗਿਲਾਸ ਚੁੱਕਿਆ ਤੇ ਆਪਣੇ ਹੱਥਾਂ ਨਾਲ ਮੈਨੂੰ ਪਾਣੀ ਪਿਆਲਿਆਂ ਤੇ ਫਿਰ ਆਪ ਪਾਣੀ ਪੀਤਾ। ਐਨੇ ਨੂੰ ਇੱਕ ਅੱਧ ਖੜ ਉਮਰ ਦੀ ਜਨਾਨੀ ਇੱਕ ਬੱਚਾ ਚੁੱਕ ਕੇ ਲਿਆਈ ਤੇ ਆ ਕੇ ਨੀਲਮ ਨੂੰ ਫੜਾ ਦਿੱਤਾ। ਨੀਲਮ ਨੇ ਉਹ ਬੱਚਾ ਮੈਨੂੰ ਫੜੋਉਂਦਿਆ ਕਿਹਾ

ਇਹ ਤੁਹਾਡੀ ਦੋਹਤੀ ਕੰਚਨ ਹੈ। ਮੈਂ ਉਸ ਨੂੰ ਆਪਣੇ ਹੱਥਾਂ ਵਿੱਚ ਚੁੱਕਿਆ ਤੇ ਉਸ ਨਾਲ ਪਿਆਰ ਕਰਨ ਲੱਗ ਪਿਆ। ਫਿਰ ਨੀਲਮ ਨੇ ਮੈਨੂੰ ਦੱਸਿਆ ਕਿ ਇਹ ਸਰਦਾਰ ਉਸਦਾ ਘਰਵਾਲਾ ਹੈ ਜੋ ਕੇ ਇੱਕ ਬਹੁਤ ਵੱਡਾ ਵਕੀਲ ਹੈ। ਮੈਂ ਆਪਣੀ ਜਗ੍ਹਾ ਤੋਂ ਉਠਿਆ ਤੇ ਉਸ ਨੂੰ ਘੁੱਟ ਕੇ ਗੱਲ ਨਾਲ ਲਾ ਲਿਆ। ਉਸ ਨੇ ਵੀ ਮੈਨੂੰ ਇੱਕ ਪਿਤਾ ਵਜੋਂ ਸਤਿਕਾਰ ਕੀਤਾ ਤੇ ਬਹੁਤ ਘੁੱਟ ਕੇ ਜੱਫੀ ਪਾਈ। ਮੇਰੇ ਲਈ ਉਹ ਖੁਸ਼ੀਆਂ ਕਦੇ ਨਾ ਭੁੱਲਣ ਵਾਲੀਆਂ ਯਾਦਾਂ ਸੀ ਤੇ ਉਹ ਮੈਨੂੰ ਮਰਦੇ ਦੱਮ ਤੱਕ ਯਾਦ ਰਹਿਣਗੀਆਂ। ਐਵੇਂ ਹੀ ਬਹੁਤ ਵਕਤ ਲੰਘ ਗਿਆ। ਮੇਰੇ ਧੀ ਤੇ ਜਵਾਈ ਤੇ ਮੇਰੀ ਹੱਦ ਤੋਂ ਪਰੇ ਸੇਵਾ ਕੀਤੀ ਮੈਨੂੰ ਹਰ ਇੱਕ ਸੁੱਖ ਮਿਲਿਆ ਐਦਾਂ ਹੀ ਦੋ ਸਾਲ ਲੰਘ ਗਏ, ਮੇਰੀ ਛੋਟੀ ਜਿਹੀ ਦੋਹਤੀ ਮੈਨੂੰ ਨਾਨੂੰ-ਨਾਨੂੰ ਕਹਿ ਕੇ ਬੁਲਾਉਣ ਲੱਗ ਪਈ। ਉਸਦੀ ਤੋਤਲੀ ਆਵਾਜ਼ ਬਹੁਤ ਪਿਆਰੀ ਲਗਦੀ ਸੀ। ਰੱਬ ਨੇ ਮੈਨੂੰ ਉਹ ਸਭ ਖੁਸ਼ੀਆਂ ਦੇ ਦਿੱਤੀਆਂ ਸਨ ਜੋ ਉਸ ਨੇ ਮੇਰੇ ਕੋਲੋਂ ਖੋਹੀਆਂ ਸੀ। ਪਰ ਸਮਾਂ ਲੰਘਣ ਤੇ ਮੈਨੂੰ ਅਹਿਸਾਸ ਹੋਇਆ ਜਿਵੇਂ ਮੈਂ ਆਪਣੇ ਧੀ ਜਵਾਈ ਤੇ ਬੋਝ ਹੋਵਾਂ। ਉਹ ਭਾਂਵੇ ਮੈਨੂੰ ਹਰ ਸੁੱਖ ਦੇ ਰਹੇ ਸਨ ਪਰ ਮੈਨੂੰ ਕਿਸੇ ਤੇ ਬੋਝ ਬਣ ਕੇ ਜੀਣਾ ਸਹੀ ਨਾ ਲੱਗਾ ਤੇ ਮੈਂ ਮੌਕਾ ਦੇਖ ਕੇ ਓਥੋਂ ਨਿਕਲ ਗਿਆ। ਮੈਨੂੰ ਪਤਾ ਹੈ ਓਹਨਾ ਜ਼ਰੂਰ ਮੈਨੂੰ ਲੱਭਣ ਦੀ ਪੂਰੀ ਕੋਸ਼ਿਸ਼ ਕੀਤੀ ਹੋਵੇਗੀ ਪਰ ਮੈਂ ਉਸ ਸ਼ਹਿਰ ਤੋਂ ਹੋਰ ਸ਼ਹਿਰ ਆ ਗਿਆ। ਐਥੇ ਆ ਕੇ ਮੈਂ ਕੰਮ ਕਰਨ ਲਈ ਬਹੁਤ ਲੱਭਿਆ ਪਰ ਕਿਸੇ ਨੇ ਮੇਰੀ ਬੁਜ਼ਰਗ ਵਾਲੀ ਹਾਲਤ ਦੇਖ ਕੇ ਕੰਮ ਦੇਣਾ ਸਹੀ ਨਾ ਸਮਝਿਆ । ਫਿਰ ਮੇਰੇ ਕੋਲੋਂ ਮੰਗਣ ਤੋਂ ਸਿਵਾ ਕੋਈ ਚਾਰਾ ਨਾ ਰਿਹਾ। ਪਰ ਐਨੇ ਦੁੱਖ ਝੱਲਦੇ ਹੋਏ ਵੀ ਮੈਂ ਕਦੇ ਖੁੱਦ ਖੁਸ਼ੀ ਕਰਨ ਬਾਰੇ ਨਹੀਂ ਸੀ ਸੋਚਿਆ।

ਮੋਹਨ ਲਾਲ ਦੀ ਹੱਡ ਬੀਤੀ ਸੁਣ ਕੇ ਜਗਤਾਰ ਸਿੰਘ ਦੀਆਂ ਅੱਖਾਂ ਭਰ ਆਇਆਂ। ਐਨੇ ਨੂੰ ਉਹ ਜਗਤਾਰ ਸਿੰਘ ਦੇ ਘਰ ਪੁੱਜ ਗਏ। ਜਗਤਾਰ ਸਿੰਘ ਆਪਣੇ ਪੁਰਾਣੇ ਯਾਰ ਮੋਹਨ ਲਾਲ ਨੂੰ ਲਈ ਕੇ ਗੱਡੀ ਵਿੱਚੋ ਉੱਤਰਿਆ। ਫਿਰ ਉਹ ਘਰ ਦੇ ਅੰਦਰ ਵੜ ਗਏ । ਅਜੇ ਓਹਨਾ ਅੰਦਰ ਕਦਮ ਹੀ ਰੱਖਿਆ ਕਿ ਇੱਕ ਚਾਰ ਕੁ ਸਾਰ ਦੀ ਬੱਚੀ ਭੱਜ ਕੇ ਜਗਤਾਰ ਸਿੰਘ ਵੱਲ ਆਈ ਤੇ ਉਸ ਨੇ ਆਵਾਜ਼ ਲਗਾਈ ਬੱਚੀ - ਦਾਦੂ ......

ਜਗਤਾਰ ਸਿੰਘ ਨੇ ਖੁਸ਼ ਹੋ ਕੇ ਬੱਚੀ ਨੂੰ ਹੱਥਾਂ ਵਿੱਚ ਚੁੱਕ ਲਿਆ ਤੇ ਪਿਆਰ ਕਰਨ ਲੱਗ ਪਿਆ ਤੇ ਬੱਚੀ ਨੂੰ ਆਖਿਆ ..

ਜਗਤਾਰ ਸਿੰਘ - ਕਦੋ ਆਇਆ ਮੇਰਾ ਪੁੱਤ ?

ਬੱਚੀ ਨੇ ਬੜੀ ਪਿਆਰੀ ਆਵਾਜ਼ ਚ' ਕਿਹਾ ...

ਬੱਚੀ - ਦਾਦੂ ਪਤਾ ਹੈ ਆਪਕੋ ਹਮ ਕੱਬ ਕੇ ਆਏ ਹੈਂ ... ਕਹਾ ਥੇ ਆਪ ?

ਜਗਤਾਰ - ਹਮ ਤੋਂ ਯਹੀ ਥੇ ਆਪ ਹੀ ਗੁੰਮ ਹੋ ਜਾਤੀ ਹੋ।

ਇਹ ਕਹਿਣ ਪਿੱਛੋਂ ਜਗਤਾਰ ਬੱਚੀ ਨੂੰ ਹੋਰ ਪਿਆਰ ਕਰਨ ਲੱਗ ਪਿਆ। ਇਹ ਸਭ ਮੋਹਨ ਲਾਲ ਦੇਖ ਰਿਹਾ ਸੀ ਦਰਅਸਲ ਉਸ ਨੇ ਬੱਚੀ ਨੂੰ ਪਛਾਣ ਲਿਆ ਸੀ। ਇਹ ਉਸਦੀ ਦੋਹਤੀ ਹੀ ਸੀ। ਜਦੋਂ ਉਸ ਨੇ ਥੋੜਾ ਅੱਗੇ ਵੱਧ ਕੇ ਦੇਖਿਆ ਤੇ ਸਾਹਮਣੇ ਉਸਦਾ ਧੀ ਤੇ ਜਵਾਈ ਬੈਠੇ ਹੋਏ ਸੀ। ਨੀਲਮ ਨੇ ਆਪਣੇ ਪਿਉ ਨੂੰ ਪਛਾਣ ਲਿਆ ਤੇ ਭੱਜ ਕੇ ਆ ਕੇ ਮੋਹਨ ਲਾਲ ਦੇ ਗੱਲ ਲੱਗ ਕੇ ਰੋਣ ਲੱਗ ਪਈ ਤੇ ਮੋਹਨ ਲਾਲ ਵੀ ਰੋਣ ਲੱਗ ਪਿਆ। ਜਗਤਾਰ ਨੂੰ ਇਹ ਦ੍ਰਿਸ਼ ਦੇਖ ਕੇ ਸਭ ਸਮਝ ਆ ਗਿਆ। ਮੋਹਨ ਲਾਲ ਕੁਝ ਕੁ ਦਿਨ ਓਥੇ ਰਿਹਾ।

ਇੱਕ ਦਿਨ ਮੋਹਨ ਲਾਲ ਘਰ ਦੀ ਛੱਤ ਉੱਪਰ ਆਪਣੇ ਖ਼ਿਆਲਾਂ ਵਿੱਚ ਗੁੰਮ ਬੈਠਾ ਸੀ ਤੇ ਜਗਤਾਰ ਉਸਦੇ ਕੋਲ ਆਇਆ । ਉਸ ਨੇ ਮੋਹਨ ਲਾਲ ਦਾ ਹਾਲ ਚਾਲ ਪੁੱਛਿਆ ਤੇ ਫਿਰ ਉਸ ਨੂੰ ਕਿਹਾ ...

ਜਗਤਾਰ ਸਿੰਘ - ਯਾਰ ਮੋਹਨ ਲਾਲ ਤੂੰ ਤਾਂ ਲਿਖਦਾ ਬਹੁਤ ਸੋਹਣਾ ਸੀ,ਮੈਂ ਸੋਚਦਾ ਹਾਂ ਤੈਨੂੰ ਆਪਣੀ ਹੱਡ ਬੀਤੀ ਵੀ ਜ਼ਰੂਰ ਲਿਖਣੀ ਚਾਹੀਦੀ ਹੈ।

ਪਹਿਲਾਂ ਤਾਂ ਮੋਹਨ ਲਾਲ ਨੇ ਜਗਤਾਰ ਦੀ ਗੱਲ ਵੱਲ ਧਿਆਨ ਨਾ ਦਿੱਤਾ ਤੇ ਫਿਰ ਸੋਚਣ ਲੱਗ ਪਿਆ ਉਸ ਨੂੰ ਜਗਤਾਰ ਦੀ ਸਲਾਹ ਸਹੀ ਲੱਗੀ। ਉਸ ਤੋਂ ਕੁਝ ਦਿਨਾਂ ਬਾਅਦ ਹੀ ਮੋਹਨ ਲਾਲ ਨੇ ਆਪਣੀ ਸਾਰੀ ਹੱਡ ਬੀਤੀ ਇੱਕ ਕਿਤਾਬ ਦੇ ਰੂਪ ਵਜੋਂ ਲਿਖ ਦਿੱਤੀ ਤੇ ਉਸ ਨੂੰ ਨੀਲਮ(ਇੱਕ ਅਣਮੁੱਲਾ ਹੀਰਾ) ਵਜੋਂ ਪਬਲਿਸ਼ ਕਰਵਾਇਆ। ਉਸ ਦੀ

ਇਹ ਕਿਤਾਬ ਬਹੁਤ ਪ੍ਰਸਿੱਧ ਹੋਈ ਜਿਸ ਕਾਰਨ ਲੋਕਾਂ ਨੇ ਉਸ ਦੀ ਸਾਲਾਹਣਾ ਕੀਤੀ। ਕਿਤਾਬ ਨੇ ਬਹੁਤ ਮੋਟੀ ਕਮਾਈ ਕੀਤੀ ਇਹ ਸਾਰੀ ਕਮਾਈ ਮੋਹਨ ਲਾਲ ਨੇ ਆਪਣੀ ਧੀ ਦੇ ਨਾਮ ਲਗਵਾ ਦਿੱਤੀ।

ਜਦੋਂ ਕਿਸੇ ਨੇ ਵੀ ਮੋਹਨ ਲਾਲ ਦਾ ਸਾਥ ਨਾ ਦਿੱਤਾ ਤਾਂ ਉਸਦੀ ਧੀ ਨੇ ਇੱਕ ਮਾਂ ਬਣ ਕੇ ਆਪਣੇ ਪਿਤਾ ਦੀ ਦੇਖ ਭਾਲ ਕੀਤੀ। ਨੀਲਮ ਉਸਦੀ ਧੀ ਘੱਟ ਤੇ ਮਾਂ ਵਜੋਂ ਉਸਨੂੰ ਜਿਆਦਾ ਮਹਿਸੂਸ ਹੁੰਦੀ ਸੀ। ਨੀਲਮ ਉਸ ਲਈ ਉਹ ਹੀਰਾ ਸੀ ਜੋ ਸਭ ਤੋਂ ਕੀਮਤੀ ਸੀ। ਜੋ ਉਹ ਚਾਉਂਦਾ ਸੀ ਕਿ ਹਰ ਇੱਕ ਮਾਂ ਬਾਪ ਕੋਲ ਹੋਵੇ। ਅੱਜ ਕੱਲ ਅਕਸਰ ਹੀ ਇਹੋ ਜਿਹੇ ਹਾਲਤ ਹੋ ਜਾਂਦੇ ਨੇ ਪੁੱਤਰ ਮਾਂ ਬਾਪ ਨੂੰ ਧੋਖਾ ਦੇ ਜਾਂਦੇ ਨੇ ਤੇ ਧੀਆਂ ਆਪਣੇ ਮਾਪਿਆਂ ਦਾ ਆਸਰਾ ਬਣਦੀਆਂ ਨੇ। ਸਾਰੇ ਹੀ ਇੱਕ ਸਮਾਨ ਨਹੀਂ ਹੁੰਦੇ ਇੱਕ ਪਾਸੇ ਜਗਤਾਰ ਸਿੰਘ ਦਾ ਪੁੱਤਰ ਸੀ ਜੋ ਆਪਣੇ ਸੋਹਰੇ ਨੂੰ ਵੀ ਪਿਤਾ ਦਾ ਦਰਜ਼ਾ ਦੇ ਰਿਹਾ ਤੇ ਇੱਕ ਪਾਸੇ ਮੋਹਨ ਲਾਲ ਦੇ ਪੁੱਤਰ ਸਨ ਜੋ ਬਾਪ ਨੂੰ ਵੀ ਬਾਪ ਸਮਝ ਕੇ ਰਾਜੀ ਨਹੀਂ ਸਨ। ਇਹ ਕਹਾਣੀ ਵੀ ਇੱਕ ਧੀ ਦਾ ਆਪਣੇ ਬਾਪ ਪ੍ਰਤੀ ਤੇ ਇੱਕ ਬਾਪ ਦਾ ਆਪਣੇ ਧੀ ਪ੍ਰਤੀ ਮੋਹ ਦਰਸਾਉਂਦੀ ਹੈਂ।

ਦਰਅਸਲ ਇਹ ਕਹਾਣੀ ਮੈਨੂੰ ਮੇਰੀ ਇੱਕ ਭੈਣ ਨੇ ਲਿਖਣ ਨੂੰ ਪ੍ਰੇਰਿਤ ਕੀਤਾ। ਉਸ ਦਾ ਨਾਮ ਵੀ ਨੀਲਮ ਹੈ, ਵੈਸੇ ਮੈਂ ਉਸ ਨੂੰ ਪ੍ਰਨੀਤ ਕਹਿ ਕੇ ਬੁਲਾਉਂਦਾ ਹਾਂ ਪਰ ਉਸਦਾ ਅਸਲੀ ਨਾਮ ਨੀਲਮ ਹੈ। ਇਸ ਲਈ ਮੈਂ ਨਹੀਂ ਸਮਝਦਾ ਕਿ ਉਸਦੇ ਨਾਮ ਤੋਂ ਇਲਾਵਾ ਕੋਈ ਹੋਰ ਨਾਮ ਇਹ ਕਹਾਣੀ ਲਈ ਢੁਕਵਾਂ ਹੁੰਦਾ। ਉਹ ਚਹੁੰਦੀ ਸੀ ਕਿ ਮੈਂ ਇੱਕ ਐਸੇ ਸਕਸ਼ ਦਾ ਕਿਰਦਾਰ ਪੇਸ਼ ਕਰਾ ਜੋ ਆਪਣੀ ਹਰ ਖੁਸ਼ੀ ਦੱਬ ਕੇ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ। ਮੈਂ ਉਸ ਦੀ ਇੱਛਾ ਨੂੰ ਮੁੱਖ ਰੱਖਦੇ ਹੋਏ ਇਹ ਕਹਾਣੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਲਿਖੇ ਸ਼ਬਦ ਤੇ ਕਿਰਦਾਰ ਭਾਂਵੇ ਮੇਰੇ ਵੱਲੋ ਉਪਜੇ ਗਏ ਨੇ ਪਰ ਇਹ ਸੋਚ ਮੇਰੀ ਭੈਣ ਨੀਲਮ ਦੀ ਹੈ। ਮੈਂ ਉਸਦਾ ਧੰਨਵਾਦੀ ਹਾਂ ਜੋ ਉਸ ਨੇ ਇੱਕ ਬਾਪ ਦੇ ਝੱਲਦੇ ਆ ਰਹੇ ਦੁੱਖ ਨੂੰ ਬਿਆਨ ਕਰਨ ਦੀ ਸਲਾਹ ਦਿੱਤੀ।

ਪ੍ਰੀਤ ਸਿੰਘ ਭੈਣੀ

9779324826

**(ਮੇਰੇ ਨਾਲ ਇਸ ਕਹਾਣੀ ਤੇ ਸਲਾਹ ਮਸ਼ਵਰਾ ਕਰਨ ਲਈ ਤੁਸੀਂ ਮੈਨੂੰ ਕਾਲ ਜਾਂ ਵਟਸਐੱਪ ਕਰ ਸਕਦੇ ਹੋ)**